# ਖ਼ੁਲਾਸਾ ਖ਼ੁਤਬਾ ਜੁਮੱਾ 18.07.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਸਯੱਦਨਾ ਹਜ਼ੂਰ ਅਨਵਰ ਅਯੱਦਾਹੁੱਲਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਸੂਰਾਤੁਲ ਜ਼ੁਮਰ ਦੀਆਂ ਹੇਠ ਲਿੱਖੀਆਂ ਆਇਤਾਂ ਦੀ ਤਲਾਵਤ ਕੀਤੀ :-

قُلۡ یٰعِبَادِیَ الَّذِیۡنَ اَسۡرَفُوۡا عَلٰۤی اَنۡفُسِہِمۡ لَا تَقۡنَطُوۡا مِنۡ رَّحۡمَۃِ اللّٰہِ ؕ اِنَّ اللّٰہَ یَغۡفِرُ الذُّنُوۡبَ جَمِیۡعًا ؕ اِنَّہٗ ہُوَ الۡغَفُوۡرُ الرَّحِیۡمُ ○)

(وَاَنِیۡبُوۡۤا اِلٰی رَبِّکُمۡ وَاَسۡلِمُوۡا لَہٗ مِنۡ قَبۡلِ اَنۡ یَّاۡتِیَکُمُ الۡعَذَابُ ثُمَّ لَا تُنۡصَرُوۡنَ ﴿۵۴﴾ [۳۹:۵۴]

ਕੁਲ ਯਾ ਇਬਾਦਿਯਲੱਜ਼ੀਨਾ ਅਸਰਾਫ਼ੂ ਅਲਾ ਅਨਫ਼ੁਸਿਹਿਮ ਲਾ ਤਕਨਾਤੂ ਮਿਨ ਰਹਿਮਾਤਿਲੱਾਹ, ਇਨੱਲੱਾਹਾ ਯਗ਼ਫ਼ਿਰੁਜ਼ ਜ਼ਨੂਬਾ ਜਮੀਆ, ਇਨੱਾਹੂ ਹੁਵਲ ਗ਼ਫ਼ੂਰੁਰ ਰਹੀਮ 0

ਵ ਅਨੀਬੂ ਇਲਾ ਰੱਬਿਕੁਮ ਵ ਅਸਲਿਮੂ ਲਹੁ ਮਿਨ ਕਬਲਿ ਅੰਯ ਯਾਤਿਯਾਕੁਮੁਲ ਅਜ਼ਾਬੁ ਸੁਮੱਾ ਲਾ ਤੁਨਸਾਰੂਨ 0 (39:54)

ਇਹਨਾਂ ਆਇਤਾਂ ਦੇ ਅਰਥ ਇਹ ਹਨ :

ਤੂੰ ਕਹਿ ਦੇ ਕਿ ਹੇ ! ਮੇਰੇ ਬੰਦਿਓ !! ਜਿੰਨ੍ਹਾ ਨੇ ਆਪਣੀ ਜਾਨ ਉਪੱਰ ਵਧੀਕੀ ਕੀਤੀ ਹੋਈ ਹੈ ਅਲੱਾਹ ਦੀ ਰਹਿਮਤ ਤੋਂ ਨਿਰਾਸ਼ ਨ ਹੋਵੋ । ਅਵਸ਼ ਹੀ ਅਲੱਾਹ ਸਾਰੇ ਪਾਪਾਂ ਨੂੰ ਬਖ਼ਸ਼ ਸਕਦਾ ਹੈ ਅਤੇ ਅਵਸ਼ ਹੀ ਉਹ ਬਖ਼ਸ਼ਣ ਵਾਲਾ ਤੇ ਵਾਰ ਵਾਰ ਰਹਿਮ ਕਰਨ ਵਾਲਾ ਹੈ ।

ਅਤੇ ਆਪਣੇ ਰੱਬ ਵੱਲ ਝੁਕੋ ਅਤੇ ਉਸ ਦੇ ਆਗਿਆਕਾਰ ਬਣ ਜਾਓ, ਇਸ ਤੋਂ ਪਹਿਲਾਂ ਕਿ ਤੁਹਾਡੇ ਤਈਂ ਅਜ਼ਾਬ (ਪ੍ਰਕੋਪ) ਆ ਜਾਵੇ ਅਤੇ ਫਿਰ ਤੁਸੀ ਕੋਈ ਮਦਦ ਨਹੀਂ ਦਿੱਤੇ ਜਾਓਗੇ ।

ਕੁਰਆਨ ਕਰੀਮ ਵਿੱਚ ਅਲੱਾਹ ਤਆਲਾ ਨੇ ਵੱਖ ਵੱਖ ਆਇਤਾਂ ਵਿੱਚ ਵੱਖ ਵੱਖ ਵਿਸ਼ਿਆਂ ਦੇ ਹਵਾਲਿਆਂ ਨਾਲ ਵੱਖ ਵੱਖ ਬੰਦਿਆਂ ਨੂੰ ਇਹ ਆਸ਼ਾਵਾਂ ਦਿੱਤੀਆਂ ਹਨ ਕਿ ਉਹ ਅਤਿਅੰਤ ਬਖ਼ਸ਼ਣਹਾਰ ਅਤੇ ਆਪਣੇ ਬੰਦਿਆਂ ਉਪੱਰ ਅਤਿਅੰਤ ਮਿਹਰ ਕਰਨ ਵਾਲਾ ਹੈ । ਇਹ ਆਇਤਾਂ ਜੋ ਮੈਂ ਉਪੱਰ ਪੜ੍ਹੀਆਂ ਹਨ ਇਸ ਦੀ ਪਹਿਲੀ ਆਇਤ ਵਿੱਚ ਇਹੋ ਵਿਸ਼ਾਂ ਵਰਨਣ ਹੋਇਆ ਹੈ ਅਤੇ ਇਸ ਵਿੱਚ ਹਰ ਉਸ ਵਿਅਕਤੀ ਲਈ ਅਲੱਾਹ ਦੀ ਮਿਹਰ ਨੂੰ ਗ੍ਰਹਿਣ ਕਰਨ ਦਾ, ਅਲੱਾਹ ਦੀ ਰਹਿਮਤ ਨੂੰ ਅਤੇ ਬਖ਼ਸ਼ਿਸ਼ ਤੋਂ ਫ਼ੈਜ਼ (ਲਾਭ) ਪਾਉਂਣ ਦਾ ਇਕ ਸੁੰਦਰ ਸੰਦੇਸ਼ ਹੈ ਜੋ ਪਾਪਾਂ ਦੇ ਸਬਬ ਰੱਬ ਦੇ ਦੰਡ ਤੋਂ ਡਰਿਆ ਹੋਇਆ ਹੈ । ਅਲੱਾਹ ਤਆਲਾ ਫ਼ਰਮਾਉਂਦਾਂ ਹੈ, ਮੇਰੇ ਬੰਦਿਓ ! ਮੇਰੀ ਰਹਿਮਤ ਤੋਂ ਨਿਰਾਸ਼ ਨ ਹੋਵੋ । ਮੈਂ ਮਾਲਕ ਹਾਂ, ਮੈਂ ਸ਼ਕਤੀ ਰੱਖਦਾ ਹਾਂ ਕਿ ਤੁਹਾਡੇ ਪਾਪ ਬਖ਼ਸ਼ ਦਿਆਂ ਅਤੇ ਤੁਹਾਨੂੰ ਆਪਣੀ ਰਹਿਮਤ ਦੀ ਚਾਦਰ ਵਿੱਚ ਲਪੇਟ ਲਿਆਂ । ਸੋ, ਕਿੰਨ੍ਹਾ ਹੀ ਸੋਹਣਾ ਸੰਦੇਸ਼ ਹੈ ਜੋ ਆਸਾਂ ਨੂੰ ਜਗਾਉਂਦਾ ਹੈ ਅਤੇ ਨਿਰਾਸ਼ਾ ਦਾ ਖ਼ਾਤਮਾ ਕਰਦਾ ਹੈ । ਇਹੋ ਸੰਦੇਸ਼ ਹੈ ਜੋ ਮਨੁੱਖਾਂ ਨੂੰ ਕਹਿ ਰਿਹਾ ਹੈ ਕਿ ਨਿਰਾਸ਼ਾ ਪਾਪ ਹੈ । ਇਹੋ ਸੰਦੇਸ਼ ਹੈ ਜੋ ਸਾਨੂੰ ਕਮਜ਼ੋਰੀਆਂ ਤੋਂ ਵੀ ਬਚਾਉਂਣ ਵੱਲ ਲੈ ਜਾਣ ਵਾਲਾ ਹੈ ਅਤੇ ਜੀਵਨ ਦੀਆਂ ਅਸਫ਼ਲਤਾਵਾਂ ਤੋਂ ਦੂਰ ਰੱਖਣ ਵਾਲਾ ਹੈ । ਕਿਉਂਕਿ ਨਿਰਾਸ਼ਾਵਾਂ ਹੀ ਪਾਪਾਂ ਦੇ ਕਰਨ ਅਤੇ ਜੀਵਨ ਦੀਆਂ ਅਸਫ਼ਲਤਾਵਾਂ ਕਈ ਵਾਰ ਸਬਬ ਬਣਦੀਆਂ ਹਨ । ਜੋ ਅਲੱਾਹ ਦੀ ਰਹਿਮਤ ਹੇਠ ਆ ਜਾਵੇ, ਨਿਰਾਸ਼ਾਵਾਂ ਤੇ ਅਸਫ਼ਲਤਾਵਾਂ ਉਸ ਤੋਂ ਦੂਰ ਭੱਜਦੀਆਂ ਹਨ । ਇਹੋ ਸੰਦੇਸ਼ ਹੈ ਜੋ ਸਾਨੂੰ ਰੱਬ ਦੇ ਹੁਕਮਾ ਉਪੱਰ ਚਲੱਣ ਅਤੇ ਰੱਬ ਨਾਲ ਸਨੇਹ ਕਰਨ ਦਾ ਮਾਰਗ ਦਿਖਾ ਰਿਹਾ ਹੈ ਤਾਂ ਜੋ ਅਸੀਂ ਰੱਬ ਦੀ ਨੇੜਤਾ ਪ੍ਰਾਪਤ ਕਰਦੇ ਜਾਣ ਵਾਲੇ ਬਣਕੇ ਉਸ ਦੀਆਂ ਰਹਿਮਤਾਂ ਦਾ ਫ਼ੈਜ਼ ਪਾਉਂਦੇ ਜਾਈਏ । ਇਸ ਲਈ ਇਹ ਸੰਦੇਸ਼ ਸਾਰਿਆਂ ਭੱਟਕਿਆਂ ਹੋਇਆਂ ਲਈ ਚਾਨ੍ਹਣੇ ਦਾ ਮਾਰਗ ਹੈ । ਇਹ ਸੰਦੇਸ਼ ਸਾਰਿਆਂ ਆਤਮਕ ਮੁਰਦਿਆਂ ਲਈ ਜੀਵਨ ਦਾ ਸੰਦੇਸ਼ ਹੈ । ਇਹ ਸੰਦੇਸ਼ ਸ਼ੈਤਾਨ ਦੇ ਪੰਜਿਆਂ ਵਿੱਚ ਜਕੜੇ ਹੋਏ ਹੋਇਆਂ ਲਈ ਅਜ਼ਾਦੀ ਦੀ ਪੁਕਾਰ ਹੈ । ਕਿੰਨ੍ਹਾ ਹੀ ਸੋਹਣਾ ਸਾਡਾ ਰੱਬ ਹੈ ਜੋ ਸਾਡੇ'ਤੇ ਆਪਣੇ ਪਿਆਰ ਦੀ ਨਿਗਾਹ ਇਸ ਪ੍ਰਕਾਰ ਮਾਰਦਾ ਹੈ ਜੋ ਵਾਰ ਵਾਰ ਆਪਣੇ ਮਨੰੂਣ ਵਾਲੇ ਨੂੰ ਕਹਿੰਦਾ ਹੈ ਕਿ (ولا تیئسوا من روح اللہ) ਵਲਾ ਤੈਅਸੂ ਮਿਨ ਰੂਹਿਲੱਾਹ  ਅਤੇ ਅਲੱਾਹ ਤਆਲਾ ਦੀ ਰਹਿਮਤ ਤੋਂ ਨਿਰਾਸ਼ ਨ ਹੋਵੋ ਕਿਉਂਕਿ (- لا ییئس من روح اللہ الا القوم الکافرون) ਲਾ ਯਇਸਾ ਮਿਨ ਰੂਹਿਲੱਾਹ ਇਲਲ ਕੌਮੁਲ ਕਾਫ਼ਿਰੂਨ 0 ਕਿ ਅਲੱਾਹ ਦੀ ਰਹਿਮਤ ਤੋਂ ਕਾਫ਼ਰਾਂ ਤੋਂ ਬਿਨਾਂ ਹੋਰ ਕੋਈ ਨਿਰਾਸ਼ ਨਹੀਂ ਹੁੰਦਾ । ਸੋ, ਜੇਕਰ ਈਮਾਨ ਦਾ ਦਾਵਾ ਹੈ ਤਾਂ ਅਲੱਾਹ ਦੀ ਰਹਿਮਤ ਤੇ ਬਖ਼ਸ਼ਿਸ਼ ਦੀ ਹਰ

ਸਮੇਂ ਆਸ ਰੱਖੋ । ਤੁਸੀਂ ਆਪਣੀਆਂ ਮਾਨਵੀ ਉਣਤਾਈਆਂ ਕਰਕੇ ਕੁਝ ਬੁਰਾਈਆਂ ਵਿੱਚ ਗ੍ਰਿੱਸੇ ਗਏ ਹੋ, ਪਰ ਭਟਕੇ ਹੋਇਆਂ ਵਿੱਚੋਂ ਤਾਂ ਨਹੀਂ ਹੋ, ਗੁਮਰਾਹਾਂ ਵਿੱਚੋਂ ਤਾਂ ਨਹੀਂ ਹੋ ਕਿ ਅਲੱਾਹ ਤਆਲਾ ਦੀ ਰਹਿਮਤ ਤੋਂ ਨਿਰਾਸ਼ ਤਾਂ ਕੇਵਲ ਭਟਕੇ ਹੋਏ ਲੋਕ ਹੁੰਦੇ ਹਨ । ਉਹ ਲੋਕ ਹਨ ਜਿਨ੍ਹਾਂ ਨੂੰ ਰੱਬ ਉਪੱਰ ਭਰੋਸਾ ਨਹੀਂ ਹੈ, ਰੱਬ ਦੇ ਰਹੀਮ ਹੋਣ ਉਪੱਰ ਵਿਸ਼ਵਾਸ ਨਹੀਂ ਹੈ । ਇਹ ਨਿਰਾਸ਼ਾ ਤਾਂ ਭੱਟਕੇ ਹੋਇਆਂ ਦੀ ਸ਼ੈਲੀ ਹੈ । ਰੱਬ ਫ਼ਰਮਾਉਂਦਾ ਹੈ :

(وَمَن يَّقْنَطُ مِن رَّحْمَةِ رَبِّهِ إِلَّا الضَّالُّونَ) ਵਮੰਯ ਯਕਨਾਤੁ ਮਿਨਰ ਰਹਮਾਤਿ ਰੱਬੇਹੀ ਇਲੱਜ਼ਾਲੂਨ 0

ਅਤੇ ਗੁਮਰਾਹ ਹੋਇਆਂ ਤੋਂ ਬਿਨਾ ਆਪਣੇ ਰੱਬ ਦੀ ਰਹਿਮਤ ਤੋਂ ਕੌਣ ਨਿਰਾਸ਼ ਹੁੰਦਾ ਹੈ । ਸੋ, ਅਵਸ਼ ਹੀ ਚਿੰਤਾਗ੍ਰਸਤ ਤੇ ਆਪਣੀ ਹਾਲਤਾਂ ਦੇ ਸਬਬ ਬੇਚੈਨ ਲੋਕਾਂ ਲਈ ਇਸ ਤੋ ਵੱਧ ਕੇ ਹਮਦਰਦੀ ਅਤੇ ਮਨ ਦੀ ਸ਼ਾਂਤੀ ਦਾ ਹੋਰ ਕੋਈ ਨੰਦੇਸ਼ ਨਹੀਂ ਹੋ ਸਕਦਾ । ਫਿਰ ਸਾਡਾ ਰੱਬ ਸਾਡੇ ਧੀਰਜ ਲਈ ਸਾਨੂੰ ਇਹ ਵੀ ਕਹਿੰਦਾ ਹੈ ਕਿ ਉਹ ਤੁਹਾਡੇ ਭੈੜੇ ਕਰਮਾ ਕਰਕੇ ਤੁਹਾਨੂੰ ਝੱਟ ਫੜਕੇ ਦੰਡ ਨਹੀਂ ਦਿੰਦਾ ਸਗੋਂ (وربك الغفور ذو الرحمة) ਵ ਰੱਬੋਕਲ ਗ਼ਫ਼ੂਰ ਜ਼ੁਰ ਰਹਮਾਤਿ, ਕਿ ਉਹ ਤੁਹਾਡਾ ਰੱਬ ਬਹੁਤ ਹੀ ਬਖ਼ਸ਼ਣ ਵਾਲਾ ਅਤੇ ਰਹਿਮ ਕਰਨ ਵਾਲਾ ਹੈ ਕਿਉਂਕਿ ਕਿਉਂਕਿ (كتب ربكم على نفسه الرحمة) ਕਾਤਾਬਾ ਰੱਬਾਕੁਮ ਅਲਨ ਨਫ਼ਸਿਹਿਰ ਰਹਮਾਤਾ, ਕਿ ਤੁਹਾਡੇ ਰੱਬ ਨੇ ਆਪਣੇ ਆਪ ਉਪੱਰ ਰਹਿਮਤ ਨੂੰ ਫ਼ਰਜ਼ ਕਰ ਲਿਆ ਹੈ ।

ਬੀਤੇ ਦਿਨੀ ਡੈਨਮਾਰਕ ਦੇ ਇਕ ਧਾਰਮਕ ਅਖ਼ਬਾਰ ਵਿੱਚ ਇਕ ਇਸਤਰੀ ਨੇ ਕੁਰਆਨ ਕਰੀਮਕ ਬਾਰੇ ਲਿੱਖਿਆ ਕਿ ਇਸ ਵਿੱਚ ਵਾਰ ਵਾਰ ਦੰਡ ਤੇ ਅਜ਼ਾਬ ਦਾ ਵਰਨਣ ਹੈ, ਸਨੇਹ ਦਾ ਸ਼ਬਦ ਤਾਂ ਕਿਤੇ ਵਰਤਿਆ ਹੀ ਨਹੀਂ ਹੋਇਆ, ਇਕ ਦੋ ਥਾਂ ਵਰਤਿਆ ਹੈ । ਅਤੇ ਇਹ ਆਖਣਾ ਕਿ ਰੱਬ'ਤੇ ਈਮਾਨ (ਆਸਥਾ) ਇਕ ਮਨੁੱਖ ਨੂੰ ਆਪਣੀ ਮਰਜ਼ੀ ਤੇ ਆਜ਼ਾਦੀ ਅਤੇ ਰੱਬ ਦੇ ਸਨੇਹ ਕਰਕੇ ਹੈ, ਇਹ ਕਿਸੇ ਵੀ ਪ੍ਰਕਾਰ ਠੀਕ ਨਹੀਂ ਹੋ ਸਕਦਾ , ਘੱਟੋ ਘੱਟ ਮੁਸਲਮਾਨਾਂ ਲਈ । ਕੁਝ ਆਇਤਾਂ ਬਿਨਾਂ ਅੱਗੇ ਪਿੱਛੇ ਦੀ ਜਾਨਕਾਰੀ ਦੇ ਲਿੱਖ ਕੇ ਜਾਂ ਗ਼ਲਤ ਤੌਰ'ਤੇ ਵਰਨਣ ਕਰਕੇ ਆਪਣੀ ਵੱਲੋਂ ਸਿੱਟੇ ਕੱਢ ਕੇ ਇਸਲਾਮ ਦੇ ਰੱਬ ਨੂੰ ਕੇਵਲ ਦੰਡ ਦੇਣ ਵਿੱਚ ਕਾਹਲ਼ਾ ਅਤੇ ਕਰੜੀ ਫੜ ਵਾਲਾ ਸਾਬਤ ਕਰਨ ਦਾ ਜਤਨ ਹੈ । ਬਹਿਰਹਾਲ ਇਸ ਦਾ ਉਤੱਰ ਤਾਂ ਓਥੋਂ ਦੀ ਜਮਾਤ ਦੇ ਰਹੀ ਹੈ, ਪਰ ਇਹ ਜੋ ਕੁਝ ਹਵਾਲੇ ਮੈਂ ਪੇਸ਼ ਕੀਤੇ ਹਨ ਜਿੱਥੇ ਉਹ ਮੋਮਨਾ ਨੂੰ ਅਸ਼ਾ ਭਰਿਆ ਸੰਦੇਸ਼ ਦਿੰਦੇ ਹਨ ਓਥੇ ਇਹੋ ਜਿਹੇ ਨਿਬੰਧਕਾਰਾਂ ਨੂੰ ਅਤੇ ਇਸਲਾਮ ਦੇ ਦੁਸ਼ਮਣਾ ਨੂੰ ਜੋ ਇਸਲਾਮ ਵੱਲ ਝੂਠ ਮੜ੍ਹਦੇ ਹਨ, ਇਸਲਾਮ ਅਤੇ ਕੁਰਆਨ ਕਰੀਮ ਨਾਲ ਵੈਰ ਰੱਖਦੇ ਹਨ, ਉਹਨਾਂ ਨੂੰ ਉਤੱਰ ਵੀ ਦਿੰਦੇ ਹਨ । ਰੱਬ ਤਾਂ ਮਾਲਕ ਹੈ, ਬਖਸ਼ਦਾ ਹੈ । ਇਹ ਅਜਿਹਾ ਗੁਣ ਹੈ ਜੋ ਸਾਰਿਆਂ ਗੁਣਾ ਤੋਂ ਵਧੇਰੇ ਹੈ । ਖਿਮਾ ਵੀ ਕਰਦਾ ਹੈ, ਰਹਿਮ ਵੀ ਕਰਦਾ ਹੈ, ਇਹ ਵੀ ਉਸਦਾ ਰਹਿਮ ਹੈ ਕਿ ਮਨੁੱਖਾਂ ਦੀਆਂ ਅਤਿਅੰਤ ਅਨਿਆਇਕਾਰੀਆਂ ਅਤੇ ਜ਼ੁਲਮਾਂ ਦੇ ਹੁੰਦਿਆਂ ਹੋਇਆਂ ਵੀ ਦੰਡ ਦੇਣ ਵਿੱਚ ਛੇਤੀ ਨਹੀਂ ਕਰਦਾ । ਹਾਂ, ਇਹ ਬੇਸ਼ਕ ਹੈ ਕਿ ਜ਼ੁਲਮਾਂ ਅਤੇ ਹੱਦ ਤੋਂ ਵੱਧ ਪਾਪਾਂ ਵਿੱਚ ਪੈਣ ਕਰਕੇ ਅਤੇ ਫਿਰ ਇਸ ਹੱਠ'ਤੇ ਸਿਥਰ ਰਹਿਣ ਕਰਕੇ, ਅਲੱਾਹ ਤਆਲਾ ਕਹਿੰਦਾ ਹੈ ਕਿ ਤੁਹਾਨੂੰ ਦੰਡ ਮਿਲੇਗਾ । ਨਿਰੰਤਰ ਪਾਪ ਤੇ ਜ਼ੁਲਮ ਕਰਦੇ ਜਾਓ ਅਤੇ ਕਿਸੇ ਵੀ ਪ੍ਰਕਾਰ ਬਾਜ਼ ਨ ਆਓ ਤਾਂ ਫਿਰ ਦੰਡ ਮਿਲੇਗਾ । ਇਹ ਤਾਂ ਕੁਦਰਤ ਦਾ ਕਾਨੂਨ ਹੈ, ਸਗੋਂ ਦੁਨੀਆ ਦਾ ਵੀ ਕਾਨੂਨ ਹੈ, ਪਰ ਫਿਰ ਵੀ ਰੱਬ ਐਨ੍ਹਾ ਰਹਿਮਾਨ ਹੈ ਕਿ ਇਕ ਸਮਾਂ ਅਜਿਹਾ ਆਏਗਾ ਕਿ ਜੱਦ ਨਰਕ ਖਾਲੀ ਹੋ ਜਾਵੇਗਾ । ਅਲੱਾਹ ਤਆਲਾ ਦੀ ਰਹਿਮਤ ਅਜਿਹੀ ਵਿਸ਼ਾਲ ਤੇ ਅਥਾਹ ਹੈ । ਇਹਨਾਂ ਆਇਤਾਂ ਵਿੱਚ ਅਲੱਾਹ ਤਆਲਾ ਨੇ ਆਪਣੀ ਰਹਿਮਤ ਅਤੇ ਬਖ਼ਸ਼ਿਸ਼ ਨੂੰ ਵਰਨਣ ਕਰਨ ਦੇ ਬਾਦ ਫ਼ਰਮਾਇਆ ਕਿ ਜੇਕਰ ਤੁਸੀਂ ਫਿਰ ਮੇਰੀ ਰਹਿਮਤ ਦਾ ਲਾਭ ਨਹੀਂ ਉਠਾਉਂਦੇ ਤਾਂ ਤੁਹਾਡੇ ਲਈ ਤੁਹਾਡੇ ਪਾਪਾਂ ਤੇ ਅਤਿਆਚਾਰਾਂ ਦਾ ਦੰਡ ਵੀ ਹੈ, ਪਰ ਇਹ ਮੇਰੀ ਰਹਿਮਤ ਹੈ ਅਤੇ ਮੇਰੀ ਬਖਸ਼ਿਸ਼ ਹੈ ਜੋ ਤੁਹਾਨੂੰ ਵਾਰ ਵਾਰ ਧਿਆਨ ਦੁਆ ਰਹੀ ਹੈ ਕਿ ਇਹਨਾਂ ਤੋਂ ਬਚੋ । ਇਸ ਤੋਂ ਪਹਿਲਾਂ ਆਪਣੇ ਆਪ ਨੂੰ ਸੁਰੱਖਿਅਤ ਕਰ ਲਓ ਕਿ ਕੋਈ ਅਜ਼ਾਬ (ਪ੍ਰਕੋਪ) ਤੁਹਾਨੂੰ ਆਣ ਘੇਰੇ । ਹੱਦੋਂ ਵੱਧ ਜ਼ੁਲਮਾਂ ਕਰਕੇ ਤੁਸੀਂ ਮੇਰੀ ਫੜ ਵਿੱਚ ਨ ਆ ਜਾਣਾ । ਸੋ, ਬਚਨ ਦਾ ਜਤਨ ਕਰੋ । ਹੁਣ ਜੋ ਇਸ'ਤੇ ਵੀ ਇਤਰਾਜ਼ ਕਰਦੇ ਹਨ, ਇਸ'ਤੇ ਉਸ ਨੂੰ ਸਿਵਾਏ ਇਸਦੇ ਕਿ ਅਕਲ ਦਾ ਅੰਨ੍ਹਾ ਅਤੇ ਕੀਨਿ, ਵੈਰ ਜਾਂ ਸਾੜੇ ਵਿੱਚ ਭਰੇ ਹੋਏ ਹੋਣ ਦੇ ਹੋਰ ਕੀ ਕਿਹਾ ਜਾ ਸਕਦਾ ਹੈ । ਆਪਣੇ ਦੇਸ਼ ਦੇ ਕਾਨੂਨ (ਨੀਯਮ) ਜੋ ਬਣਾਉਂਦੇ ਹਨ, ਉਸ ਵਿੱਚ ਤਾਂ ਜੁਰਮਾ ਦਾ ਦੰਡ ਦੇਣਾ ਚਾਹੁੰਦੇ ਹਨ ਪਰ ਅਲੱਾਹ ਤਆਲਾ ਦੇ ਕਾਨੂਨ

ਤੋੜਨ ਵਾਲਿਆਂ ਤੇ ਅਤਿਆਚਾਰ ਕਰਨ ਵਾਲਿਆਂ ਅਤੇ ਵਧੀਕੀਆਂ ਵਿੱਚ ਹੱਦੋਂ ਵੱਧ ਵਧਣ ਵਾਲਿਆਂ ਬਾਰੇ ਇਹ ਕਹਿੰਦੇ ਹਨ ਕਿ ਰੱਬ ਇਹ ਕਿਉਂ ਕਹਿੰਦਾ ਹੈ ਕਿ ਮੈਂ ਦੰਡ ਦਿਆਂ ਗਾ ।

ਹਜ਼ਰਤ ਅਬੂ ਜ਼ਰ ਰਜ਼ੀ ਅਲੱਾਹ ਅਨਹੁ ਨਬੀ ਕਰੀਮ ਸਲਲੱਲਾਹੁ ਅਲੈਹਿ ਵਸਲੱਮ ਨਾਲ ਰਿਵਾਇਤ ਕਰਦੇ ਹਨ ਕਿ ਆਪ ਨੇ ਆਪਣੇ ਮਾਣ ਤੇ ਜਲਾਲ ਵਾਲੇ ਰੱਬ ਬਾਰੇ ਫ਼ਰਮਾਇਆ ਕਿ ਅਲੱਾਹ ਤਆਲਾ ਫ਼ਰਮਾਉਂਦਾ ਹੈ, ਹੇ ! ਆਦਮ ਦੇ ਪੁਤੱਰ !! ਤੂੰ ਮੈਥੋਂ ਦੁਆ ਨਹੀਂ ਕਰਦਾ ਅਤੇ ਮੈਥੋਂ ਆਸ ਵੀ ਜੋੜੀ ਰੱਖਦਾ ਹੈਂ । ਸੋ, ਮੈਂ ਇਸ ਸ਼ਰਤ ਨਾਲ ਕਿ ਤੂੰ ਸ਼ਿਰਕ ਨ ਕਰੇ ਤੈਨੂੰ ਤੇਰੀਆਂ ਖ਼ਤਾਵਾਂ ਬਖ਼ਸ਼ ਦਿਆਂਗਾ, ਫਿਰ ਭਾਵੇਂ ਤੇਰੀਆਂ ਖ਼ਤਾਵਾਂ ਧਰਤੀ ਦੇ ਬਰਾਬਰ ਹੀ ਕਿਉਂ ਨ ਹੋਣ । ਮੈਂ ਤੈਨੂੰ ਆਪਣੀ ਧਰਤੀ ਭਰ ਖਿਮਾ ਨਾਲ ਮਿਲਾਂਗਾ । ਅਤੇ ਜੇਕਰ ਤੂੰ ਆਕਾਸ਼ ਦੇ ਅਥਾਹ ਤੱਕ ਗ਼ਲਤੀਆਂ ਕੀਤੀਆਂ ਹੋਣ ਤਾਂ ਫਿਰ ਤੂੰ ਮੈਥੋਂ ਮੇਰੀ ਬਖ਼ਸ਼ਿਸ਼ ਮੰਗੇ ਤਾਂ ਮੈਂ ਤੈਨੂੰ ਉਹ ਵੀ ਬਖ਼ਸ਼ ਦਿਆਂਗਾ ਅਤੇ ਮੈਂ ਕਣ ਬਰਾਬਰ ਵੀ ਪਰਵਾਹ ਨਹੀਂ ਕਰਾਂਗਾ ।

ਹਜ਼ੂਰ ਨੇ ਫ਼ਰਮਾਇਆ : ਇਹ ਹੈ 'ਅਲੱਾਹ' ਜੋ ਇਸਲਾਮ ਦਾ ਰੱਬ ਹੈ, ਜੋ ਬਖ਼ਸ਼ਣ ਵਾਲਾ ਹੈ ਅਤੇ ਅਸੀਂ ਮੋਮਨਾਂ ਉਪੱਰ ਰੱਬ ਦੇ ਕਿੰਨ੍ਹੇ ਉਪਕਾਰ ਹਨ ਜਿੰਨ੍ਹਾ ਵਿੱਚੋਂ ਇਕ ਇਹ ਵੀ ਹੈ ਕਿ ਹਰ ਸਾਲ ਰਮਜ਼ਾਨ ਵਿੱਚ ਉਸ ਦੀ ਬਖ਼ਸ਼ਿਸ਼ ਦੇ ਦਰ ਵਧੇਰੇ ਖੁਲਦੇ ਹਨ । ਰਮਜ਼ਾਨ ਵਿੱਚ ਰੱਬ ਦੀ ਬਖ਼ਸ਼ਿਸ਼ ਅਤੇ ਰਹਿਮਤ ਬਾਰੇ ਇਕ ਰਿਵਾਇਤ ਇਉਂ ਵਰਨਣ ਹੋਈ ਹੈ :

ਨਜ਼ਰ ਬਿਨ ਸ਼ਅਬਾਨ ਕਹਿੰਦੇ ਹਨ ਕਿ ਮੈਂ ਅਬੂ ਸਲਮਾ ਬਿਨ ਅਬਦੁਰ ਰਹਮਾਨ ਨੂੰ ਕਿਹਾ, ਆਪ ਮੈਨੂੰ ਕੋਈ ਅਜਿਹੀ ਗੱਲ ਦੱਸੋ ਜੋ ਆਪ ਨੇ ਆਪਣੇ ਪਿਤਾ ਪਾਸੋਂ ਸੁਣੀ ਹੋਵੇ ਅਤੇ ਉਹਨਾਂ ਨੇ ਰਮਜ਼ਾਨ ਦੇ ਮਹੀਨੇ ਬਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਤੋਂ ਸਿੱਧੇ ਰੂਪ ਵਿੱਚ ਸੁਣੀ ਹੋਵੇ । ਅਬੂ ਸਲਮਾ ਬਿਨ ਅਬਦੁਰ ਰਹਮਾਨ ਨੇ ਕਿਹਾ, ਹਾਂ, ਮੈਥੋਂ ਮੇਰੇ ਪਿਤਾ ਨੇ ਬਿਆਨ ਕੀਤਾ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ, ਅਲੱਾਹ ਤਆਲਾ ਨੇ ਰਮਜ਼ਾਨ ਦੇ ਰੋਜ਼ੇ ਰੱਖਣਾ ਤੁਹਾਡੇ 'ਤੇ ਫ਼ਰਜ਼ ਕੀਤੇ ਹਨ ਅਤੇ ਮੈਂ ਤੁਹਾਡੇ ਲਈ ਇਸ ਦੀ ਸਥਾਪਨਾ ਕਰ ਦਿੱਤੀ ਹੈ, ਇਸ ਲਈ ਜੋ ਕੋਈ ਈਮਾਨ ਦੀ ਅਵਸਥਾ ਵਿੱਚ ਪੁੰਨ ਦੀ ਨੀਯਤ ਨਾਲ ਇਸ ਵਿੱਚ ਰੋਜ਼ੇ ਰੱਖੇ, ਉਹ ਪਾਪਾਂ ਤੋਂ ਇਉਂ ਨਿਕਲ ਜਾਂਦਾ ਹੈ ਜਿਵੇਂ ਉਸ ਦੀ ਮਾਂ ਨੇ ਉਸਨੂੰ ਜਨਮ ਦਿੱਤਾ ਹੋਵੇ । ਨਵੇਂ ਜਨਮੇ ਬੱਚੇ ਵਾਂਗ ਹੋ ਜਾਂਦਾ ਹੈ ।

ਇਸ ਲਈ ਸਾਨੂੰ ਇਸ ਤੋਂ ਕੋਈ ਗ਼ਰਜ਼ ਨਹੀਂ ਕਿ ਜਾਹਲਾਂ ਨੂੰ ਇਸਲਾਮ ਦਾ ਰੱਬ ਕਿਹੋ ਜਿਹਾ ਦਿਖਾਈ ਦਿੰਦਾ ਹੈ, ਸਾਨੂੰ ਤਾਂ ਇਹ ਪਤਾ ਹੈ ਕਿ ਸਾਡਾ ਰੱਬ ਸਾਡੇ ਮਾਂਪਿਆਂ ਤੋਂ ਵੀ ਵੱਧਕੇ ਸਾਨੂੰ ਪਿਆਰ ਕਰਨ ਵਾਲਾ ਅਤੇ ਬਖ਼ਸ਼ਣ ਵਾਲਾ ਹੈ ਅਤੇ ਸਾਡੇ ਵੱਲ ਦੌੜਕੇ ਆਉਂਣ ਵਾਲਾ ਰੱਬ ਹੈ ਤਾਂ ਜੋ ਆਪਣੇ ਬੰਦਿਆਂ ਦੇ ਗੁਨਾਹ ਬਖ਼ਸ਼ੇ ।

ਫਿਰ ਰਮਜ਼ਾਨ ਦੇ ਹਵਾਲੇ ਨਾਲ ਇਕ ਹੋਰ ਹਦੀਸ ਹੈ ਜਿਸ ਵਿੱਚ ਰਮਜ਼ਾਨ ਦੀਆਂ ਬਰਕਤਾਂ ਦਾ ਵਰਨਣ ਹੈ । ਸਲਮਾਨ ਰਜ਼ੀ ਅਲੱਾਹ ਅਨਹੁ ਰਿਵਾਇਤ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਸਾਨੂੰ ਸ਼ਅਬਾਨ ਦੇ ਅੰਤਮ ਦਿਨ ਸੰਬੋਧਨ ਕਰਦੇ ਹੋਏ ਫ਼ਰਮਾਇਆ, ਕਿ ਹੇ, ਲੋਕੋ ! ਤੁਹਾਡੇ'ਤੇ ਇਕ ਮਹਾਨ ਤੇ ਬਰਕਤਾਂ ਭਰਪੂਰ ਮਹੀਨਾ ਲਾਗੂ ਹੋਣ ਵਾਲਾ ਹੈ, ਉਸ ਵਿੱਚ ਇਕ ਅਜਿਹੀ ਰਾਤ ਹੈ ਜੋ ਹਜ਼ਾਰ ਮਹੀਨਿਆਂ ਤੋਂ ਵੀ ਬਿਹਤਰ ਹੈ । ਅਲੱਾਹ ਤਆਲਾ ਨੇ ਇਸ ਦੇ ਰੋਜ਼ੇ ਰੱਖਣੇ ਫ਼ਰਜ਼ ਕੀਤੇ ਹਨ ਅਤੇ ਇਸ ਦੀਆਂ ਰਾਤਾਂ ਨੂੰ ਕਯਾਮ ਕਰਨ ਨੂੰ ਨਫ਼ਲ ਠਹਿਰਾਇਆ ਹੈ ।

(ھو شھر اولہ رحمۃ واوسطہ مغفرتہ واٰخرہ عتق من النار۔)

ਇਹ ਇਕ ਅਜਿਹਾ ਮਹੀਨਾ ਹੈ ਜਿਸ ਦਾ ਅਰੰਭਕ 'ਅਸ਼ਰਾ' (ਰਮਜ਼ਾਨ ਦੇ ਪਹਿਲੇ ਦਸ ਦਿਨ) ਰਹਿਮਤ ਹਨ, ਵਿਚਾਕਾਰਲਾ 'ਅਸ਼ਰਾ' (ਰਮਜ਼ਾਨ ਦੇ ਵਿਚਕਾਰਲੇ ਦਸ ਦਿਨ) ਬਖ਼ਸ਼ਿਸ਼ ਦੇ ਸਬਬ ਹਨ ਅਤੇ ਅੰਤਮ 'ਅਸ਼ਰਾ' (ਅਖੀਰਲੇ ਦਸ ਦਿਨ) ਨਰਕ ਤੋਂ ਮੁਕਤੀ ਦੁਆਉਂਣ ਵਾਲੇ ਹਨ । ਅਤੇ ਜਿਸ ਨੇ ਇਸ ਵਿੱਚ ਕਿਸੇ ਰੋਜ਼ੇਦਾਰ ਨੂੰ ਰਜਾਇਆ ਉਸ ਨੂੰ ਅਲੱਾਹ ਤਆਲਾ ਮੇਰੇ ਹੌਜ਼ ਵਿੱਚੋਂ ਅਜਿਹਾ ਮਸ਼ਰੂਬ (ਸ਼ਰਬਤ) ਪਿਆਏਗਾ ਕਿ ਉਸ ਨੂੰ ਸਵਰਗ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਕਦੇ ਪਿਆਸ ਨ ਲੱਗੇਗੀ । ਅਰਥਾਤ ਇਹ ਬਖਸ਼ਿਸ਼ ਅਜਿਹੀ ਹੈ ਕਿ ਪਿਛਲੇ ਪਾਪ ਵੀ ਬਖ਼ਸ਼ੇ ਜਾਂਦੇ ਹਨ ਅਤੇ ਭਵਿੱਖ ਵਿੱਚ ਪਾਪ ਨ ਕਰਨ ਦੀ ਸ਼ਕਤੀ ਪੈਦਾ ਹੁੰਦੀ ਹੈ,

ਜੇਕਰ ਰਮਜ਼ਾਨ ਦਾ ਹੱਕ ਪੂਰਾ ਕਰਦਿਆਂ ਹੋਇਆਂ ਰੋਜ਼ੇ ਰੱਖੇ ਜਾਣ ਅਤੇ ਨਫ਼ਲ ਪੜ੍ਹੇ ਜਾਣ ਅਤੇ ਅਲੱਾਹ ਦੀ ਬੰਦਗੀ (ਇਬਾਦਤ) ਕੀਤੀ ਜਾਵੇ ।

ਇਸ ਲਈ ਅਲੱਾਹ ਤਆਲਾ ਪੈਰ੍ਹ ਪੈਰ੍ਹ 'ਤੇ ਅਜਿਹੇ ਸਾਧਨ ਪੈਦਾ ਕਰ ਰਿਹਾ ਹੈ ਕਿ ਜੋ ਜਨੱਤ (ਸਵਰਗ) ਵਿੱਚ ਲੈ ਜਾਣ ਵਾਲੇ ਹਨ । ਅੱਜ ਕਲ ਅਸੀਂ ਰਮਜ਼ਾਨ ਵਿੱਚੋਂ ਲੰਘ ਰਹੇ ਹਾਂ ਅਤੇ ਵਿਚਕਾਰਲੇ ਅਸ਼ਰੇ ਦਾ ਵੀ ਅੰਤ ਹੋ ਰਿਹਾ ਹੈ, ਅੰਤਮ ਅਸ਼ਰਾ ਅਰੰਭ ਹੋਣ ਵਾਲਾ ਹੈ । ਇਹ ਅਸ਼ਰਾ ਤਾਂ ਇਸ ਪੱਖੋਂ ਵੀ ਬਰਕਤਾਂ ਨਾਲ ਭਰਪੂਰ ਹੈ ਕਿ ਇਸ ਵਿੱਚ ਇਕ ਅਜਿਹੀ ਰਾਤ ਹੈ ਜੋ 'ਲੈਲਾਤੁਲਕਦਰ' ਅਖਵਾਉਂਦੀ ਹੈ ਜੋ ਦੁਆਵਾਂ ਦੀ ਪਰਵਾਨਗੀ ਅਤੇ ਬੰਦੇ ਨੂੰ ਰੱਬ ਦੇ ਬਹੁਤ ਸਮੀਪ ਕਰਨ ਦੇ ਜਲਵੇ ਦਿਖਾਉਂਣ ਦਾ ਬਹੁਤ ਵੱਡਾ ਸਾਧਨ ਹੈ । ਇਸ ਲਈ ਇਸ ਅਸ਼ਰੇ ਵਿੱਚ ਸਾਨੂੰ ਆਪਣੀਆਂ ਦੁਆਵਾਂ ਅਤੇ ਆਪਣੀਆਂ ਇਬਾਦਤਾਂ ਲਈ ਵਿਸ਼ੇਸ਼ ਪ੍ਰਬੰਧ ਕਰਨ ਦੀ ਲੋੜ ਹੈ । ਜੋ ਕੁਝ ਇਸ ਵਿੱਚੋਂ ਪ੍ਰਾਪਤ ਕਰੋ ਫਿਰ ਉਸ ਨੂੰ ਆਪਣੇ ਜੀਵਨ ਦਾ ਅੰਗ ਬਨਾਉਂਣ ਦੀ ਵੀ ਵਿਸ਼ੇਸ਼ ਲੋੜ ਹੈ ।

ਇਸ ਲਈ ਭਾਵੇਂ ਰੱਬ ਦੀਆਂ ਰਹਿਮਤਾਂ ਵਿਸ਼ਾਲ ਹਨ, ਭਾਵੇਂ ਰਮਜ਼ਾਨ ਵਿੱਚ ਨੇਕੀਆਂ ਦੇ ਕਈ ਗੁਣਾ ਪੁੰਨ ਹਨ, ਭਾਵੇਂ ਰਮਜ਼ਾਨ ਰਹਿਮਤ ਅਤੇ ਬਖਸ਼ਿਸ਼ ਪ੍ਰਾਪਤ ਕਰਨ ਅਤੇ ਨਰਕ ਤੋਂ ਦੂਰੀ ਦਾ ਸਾਧਨ ਹੈ ਪਰ ਇਹਨਾਂ ਗੱਲਾਂ ਤੋਂ ਸਦੈਵੀ ਲਾਭ ਉਠਾਉਣ ਵਾਲੇ ਉਹੋ ਹੁੰਦੇ ਹਨ ਜੋ ਇਕ ਲਗਨ ਨਾਲ ਇਸ ਨੂੰ ਪ੍ਰਾਪਤ ਕਰਨ ਦੇ ਜਤਨ ਕਰਨ । ਸੋ, ਸਾਡੇ ਵਿੱਚੋਂ ਖ਼ੁਸਕਿਸਮਤ ਹਨ ਉਹ ਲੋਕ ਜੋ ਇਸ ਰਮਜ਼ਾਨ ਨੂੰ ਰਹਿਮਤ ਤੇ ਬਖ਼ਸ਼ਿਸ਼ ਪ੍ਰਾਪਤ ਕਰਨ ਅਤੇ ਨਰਕ ਤੋਂ ਮੁਕਤੀ ਦਾ ਸਾਧਨ ਬਣਾ ਲੈਣਗੇ । ਇਹਨਾਂ ਉਣਤਾਈਆਂ ਨੂੰ ਮੁਕਾਉਂਣ ਵਾਲੇ ਹੋਣਗੇ, ਆਪਣੇ ਪਾਪਾਂ ਤੋਂ ਬਚਨ ਵਾਲੇ ਹੋਣਗੇ । ਇਹ ਰਮਜ਼ਾਨ ਉਹ ਸੰਗਮੀਲ ਬਣ ਜਾਵੇ ਸਾਡੇ ਲਈ ਜੋ ਹਮੇਸ਼ਾ ਬੁਰਾਈਆਂ ਤੋਂ ਦੂਰ ਰੱਖਣ ਵਾਲਾ ਅਤੇ ਹਮੇਸ਼ਾਂ ਨੇਕੀਆਂ ਵੱਲ ਪ੍ਰੇਰਨ ਵਾਲਾ ਬਣ ਜਾਵੇ । ਬੁਰਾਈ ਤੋਂ ਅਜਿਹੀ ਨਫ਼ਰਤ ਸਾਡੇ ਦਿਲਾਂ ਵਿੱਚ ਪੈਦਾ ਹੋ ਜਾਵੇ ਜੋ ਸਾਨੂੰ ਫਿਰ ਕਦੇ ਵੀ ਬੁਰਾਈਰਆਂ ਵੱਲ ਝੁਕਾਉਂਣ ਵਾਲੀ ਨ ਹੋਵੇ । ਸੱਚੀ ਤੌਬਾ ਵੱਲ ਸਾਡਾ ਧਿਆਨ ਹੋਵੇ ਅਤੇ ਅਜਿਹੀ ਤੌਬਾ ਹੋਵੇ ਜੋ ਸਦਾ ਰੱਬ ਦੀ ਨੇੜਤਾ ਦਾ ਸਾਧਨ ਬਣਾਉਂਦੀ ਜਾਵੇ । ਇਹਨਾਂ ਗੱਲਾਂ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ਜਾਂ ਸੱਚੀ ਤੌਬਾ ਕਿਵੇਂ ਹੋ ਸਕਦੀ ਹੈ ਜੋ ਸਦਾ ਪਾਪਾਂ ਤੋਂ ਦੂਰ ਰੱਖੇ, ਇਸ ਬਾਰੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਤੌਬਾ ਵਾਸਤਵ ਵਿੱਚ ਉੱਚ ਆਚਰਣ ਲਈ ਬਹੁਤ ਪ੍ਰੇਰਕ ਤੇ ਪ੍ਰਸਥਾਵਕ ਚੀਜ਼ ਹੈ (ਉਚੱ ਆਚਰਣ ਤੇ ਆਲਾ ਕਿਰਦਾਰ ਦਾ ਮਾਲਕ ਬਣਨਾ ਹੈ, ਰੱਬ ਦੇ ਸਮੀਪ ਹੋਣਾ ਹੈ ਤਾਂ ਤੌਬਾ ਹੀ ਹੈ ਜੋ ਇਸ ਕੰਮ ਆਉਂਦੀ ਹੈ, ਇਸੇ ਦੇ ਸਬਬ ਮਨੁੱਖ ਤਰੱਕੀ ਕਰਦਾ ਹੈ ਇਹੋ ਚੀਜ਼ ਹੈ ਜੋ ਸਹਾਇਕ ਬਣਦੀ ਹੈ, ਫ਼ਰਮਾਇਆ) ਅਤੇ ਮਨੁੱਖ ਨੂੰ ਕਾਮਲ ਬਣਾ ਦਿੰਦੀ ਹੈ । ਇਹ ਗੱਲ ਵੀ ਮਨੁੱਖ ਨੂੰ ਚੇਤੇ ਰੱਖਣੀ ਚਾਹੀਦੀ ਹੈ ਕਿ ਤੌਬਾ ਦੀਆਂ ਤਿੰਨ ਸ਼ਰਤਾ ਹਨ । ਕੇਵਲ ਤੌਬਾ ਕਰਨ ਨਾਲ ਤੌਬਾ ਨਹੀਂ ਹੋ ਜਾਂਦੀ । ਇਹਨਾਂ ਦੀ ਪੂਰਨਤਾ ਤੋਂ ਬਿਨਾ ਸੱਚੀ ਤੌਬਾ ਜਿਸ ਨੂੰ 'ਤੌਬਾਤੁਨੱਸੂਹ' ਕਹਿੰਦੇ ਹਨ ਪ੍ਰਾਪਤ ਨਹੀਂ ਹੁੰਦੀ ਅਤੇ ਸ਼ਰਤਾਂ ਕੀ ਹਨ । ਫ਼ਰਮਾਇਆ :

ਇਹਨਾਂ ਤਿੰਨੇ ਸ਼ਰਤਾਂ ਵਿੱਚੋਂ ਪਹਿਲੀ ਸ਼ਰਤ ਜਿਸ ਨੂੰ ਅਰਬੀ ਭਾਸ਼ਾ ਵਿੱਚ 'ਅਕਲਾਅ' ਕਹਿੰਦੇ ਹਨ ਅਰਥਾਤ ਉਹਨਾਂ ਮਾੜੇ ਵਿਚਾਰਾਂ ਨੂੰ ਦੂਰ ਕਰ ਦਿੱਤਾ ਜਾਵੇ ਜੋ ਓਸ ਮਾੜੇ ਸੁਭਾਵ ਦੇ ਪ੍ਰੇਰਕ ਹਨ । ਜੋ ਵਿਚਾਰ ਕੁਆਨੰਦ ਦਾ ਸਬਬ ਸਮਝੇ ਜਾਂਦੇ ਹਨ, ਉਹਨਾਂ ਦਾ ਉਕੱਾ ਹੀ ਅੰਤ ਕਰੋ । ਇਹ ਪਹਿਲੀ ਸ਼ਰਤ ਹੈ ।

ਦੂਜੀ ਸ਼ਰਤ ਪਛਤਾਵਾ ਹੈ ਅਰਥਾਤ ਪਸ਼ਚਾਤਾਪ ਕਰਨਾ । ਹਰ ਇਕ ਮਨੁੱਖ ਦਾ ਕਾਂਸ਼ੰਸ ਆਪਣੇ ਅੰਦਰ ਇਹ ਸ਼ਕਤੀ ਰੱਖਦਾ ਹੈ ਕਿ ਉਹ ਉਸ ਨੂੰ ਹਰ ਬੁਰਾਈ ਸਮੇਂ ਤਾੜਨਾ ਕਰਦਾ ਹੈ, ਪਰ ਅਭਾਗਾ ਮਨੁੱਖ ਉਸ ਨੂੰ ਤਿਆਗ ਦਿੰਦਾ ਹੈ । ਇਸ ਲਈ ਪਾਪ ਅਤੇ ਬਦੀ ਦੇ ਕਰਨ ਉਪੱਰ ਪਸ਼ਚਾਤਾਪ ਪ੍ਰਕਟ ਕਰੇ ਅਤੇ ਇਹ ਵਿਚਾਰ ਕਰੇ ਕਿ ਇਹ ਆਨੰਦ ਆਰਜ਼ੀ ਤੇ ਕੁਝ ਦਿਨਾਂ ਦਾ ਹੈ ਅਤੇ ਫਿਰ ਇਹ ਵੀ ਸੋਚੇ ਕਿ ਹਰ ਵਾਰ ਇਸ ਆਨੰਦ ਤੇ ਸੁਆਦ ਵਿੱਚ ਕਮੀ ਹੁੰਦੀ ਜਾਂਦੀ ਹੈ । ਇੱਥੋਂ ਤੱਕ ਕਿ ਬੁਢੇਪੇ ਵਿੱਚ ਆਣ ਕਰਕੇ ਜੱਦ ਅੰਗ ਬੇਕਾਰ ਤੇ ਮਾੜੇ ਹੋ ਜਾਣਗੇ, ਅੰਤ ਉਹਨਾਂ ਸਾਰੇ ਸੰਸਾਰਕ ਆਨੰਦਾਂ ਨੂੰ ਛਡੱਣਾ ਹੋਵੇਗਾ । ਸੋ, ਜੱਕ ਕਿ ਇਸੇ ਜੀਵਨ ਵਿੱਚ ਹੀ ਸਾਰੇ ਆਨੰਦ ਛੁੱਟ ਜਾਣ ਵਾਲੇ ਹਨ ਤਾਂ ਫਿਰ ਇਹਨਾਂ ਦੇ ਕਰਨ ਨਾਲ ਕੀ ਹਾਸਲ ? ਬਹੁਤ ਹੀ ਖ਼ੁਸ਼ਕਿਸਮਤ ਹੈ ਉਹ ਮਨੁੱਖ ਜੋ ਤੌਬਾ ਵੱਲ ਮੁੜੇ ਅਤੇ ਜਿਸ ਵਿੱਚ ਪਹਿਲੇ 'ਅਕਲਾਅ' ਦਾ ਵਿਚਾਰ ਪੈਦਾ ਹੋਵੇ ਅਰਥਾਤ ਮਾੜੇ, ਬੇਕਾਰ ਤੇ ਬੇਹੁਦਾ ਵਿਚਾਰਾਂ ਦਾ ਅੰਤ ਕਰੇ । ਜੱਦ ਇਹ ਗੰਦ ਅਤੇ ਅਪਵਿਤੱਰਤਾ ਨਿਕਲ ਜਾਵੇ ਤਾਂ ਫਿਰ ਪਸ਼ਚਾਤਾਪ ਕਰੇ ਅਤੇ ਆਪਣੇ ਕੀਤੇ ਉਪੱਰ ਪਛਤਾਵਾ ਹੋਵੇ ।

ਤੀਜੀ ਸ਼ਰਤ ਨਿਸ਼ਚਾ ਹੈ । ਅਰਥਾਤ ਭਵਿੱਖ ਲਈ ਪਕੱਾ ਨਿਸ਼ਚਾ ਕਰੇ ਕਿ ਫਿਰ ਇਹਨਾ ਬੁਰਾਈਆਂ ਵੱਲ ਧਿਆਨ ਨ ਕਰੇਗਾ ਅਤੇ ਜੱਦ ਉਹ ਪਸ਼ਚਾਤਾਪ ਕਰੇਗਾ ਤਾਂ ਅਲੱਾਹ ਤਆਲਾ ਵੀ ਉਸ ਨੂੰ ਸੱਚੀ ਤੌਬਾ ਦੀ ਸ਼ਕਤੀ ਪ੍ਰਦਾਨ ਕਰੇਗਾ ਇੱਥੋਂ ਤੱਕ ਕਿ ਉਸ ਦੀਆਂ ਬੁਰਾਈਆਂ ਉਕੱਾ ਹੀ ਨਸ਼ਟ ਹੋਕੇ ਉਚੱ ਆਚਰਣ ਤੇ ਨੇਕ ਕਰਮ ਉਸ ਦੀ ਥਾਂ ਲੈ ਲੈਣਗੇ, ਅਤੇ ਇਹ ਫ਼ਤਹਿ ਹੈ ਆਚਰਣ ਉਪੱਰ। ਇਸ'ਤੇ ਸ਼ਕਤੀ ਤੇ ਬਲ ਬਖ਼ਸ਼ਣਾ ਰੱਬ ਦਾ ਕਾਰਜ ਹੈ ਕਿਉਂਕਿ ਸਾਰੀਆਂ ਸ਼ਕਤੀਆਂ ਦਾ ਮਾਲਕ ਉਹੋ ਹੀ ਹੈ, ਜਿਵੇਂ ਫ਼ਰਮਾਇਆ (ان القوة لله جميعاً) ਇਨੱਲ ਕੁਵੱਾਤਲੱਾਹਿ ਜਮੀਆ ।

ਸਾਰੀਆਂ ਸ਼ਕਤੀਆਂ ਅਲੱਾਹ ਤਆਲਾ ਲਈ ਹੀ ਹਨ ਅਤੇ ਮਨੁੱਖ ਕਮਜ਼ੋਰ ਹਸਤੀ ਹੈ, (خلق الانسان ضعيفاً) ਖ਼ਲਾਕਲ ਇਨਸਾਨੁ ਜ਼ਈਫ਼ਾ, ਉਸ ਦੀ ਵਾਸਤਵਿਕਤਾ ਹੈ । ਇਸ ਲਈ ਰਬ ਤੋਂ ਸ਼ਕਤੀ ਪ੍ਰਾਪਤ ਕਰਨ ਲਈ ਉਪਰੋਕਤ ਤਿੰਨਾਂ ਚੀਜ਼ਾਂ ਨੂੰ ਕਾਮਲ ਕਰਕੇ ਮਨੁੱਖ ਕਾਹਿਲੀ ਤੇ ਸੁਸਤੀ ਤਿਆਗ ਦੇਵੇ ਅਤੇ ਤਿਆਰ ਬਰ ਤਿਆਰ ਹੋਕੇ ਰੱਬ ਤੋਂ ਦੁਆ ਮੰਗੇ । ਅਲੱਾਹ ਤਆਲਾ ਅਖ਼ਲਾਕ ਵਿੱਚ ਤਬਦੀਲੀ ਕਰ ਦੇਵਗਾ ।

ਫਿਰ ਹਜ਼ਰਤ ਮਸੀਹ ਮਉਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਆਪਣੇ ਕਰਮਾ ਨੂੰ ਸਾਫ਼ ਕਰੋ ਅਤੇ ਰੱਬ ਦਾ ਸਿਮਰਨ ਸਦਾ ਕਰਦੇ ਰਹੋ ਅਤੇ ਗ਼ਫ਼ਲਤ ਨ ਕਰੋ । ਜਿਵੇਂ ਭਜੱਣ ਵਾਲਾ ਸ਼ਿਕਾਰ ਜੱਦ ਰਤਾ ਸੁਸਤ ਹੋ ਜਾਵੇ ਤਾਂ ਸ਼ਿਕਾਰੀ ਦੇ ਕਾਬੂ ਆ ਜਾਂਦਾ ਹੈ । ਇਸੇ ਪ੍ਰਕਾਰ ਰੱਬ ਦੇ ਸਿਮਰਨ ਤੋਂ ਗ਼ਫ਼ਲਤ ਕਰਨ ਵਾਲਾ ਸ਼ੈਤਾਨ ਦਾ ਸ਼ਿਕਾਰ ਹੋ ਜਾਂਦਾ ਹੈ । ਤੌਬਾ ਨੂੰ ਸਦਾ ਜੀਉਂਦਾ ਰੱਖੋ ਅਤੇ ਕਦੇ ਵੀ ਮੁਰਦਾ ਨ ਹੋਣ ਦਿਓ । ਕਿਉਂਕਿ ਜਿਸ ਅੰਗ ਤੋਂ ਕੰਮ ਲਿਆ ਜਾਂਦਾ ਹੈ ਉਹੋ ਕੰਮ ਦੇ ਸਕਦਾ ਹੈ ਅਤੇ ਜਿਸ ਨੂੰ ਬੇਕਾਰ ਛੱਡ ਦਿੱਤਾ ਜਾਵੇ ਫਿਰ ਉਹ ਸਦਾ ਲਈ ਨਕਾਰਾ ਹੋ ਜਾਂਦਾ ਹੈ । ਇਸੇ ਪ੍ਰਕਾਰ ਤੌਬਾ ਨੂੰ ਵੀ ਪ੍ਰੇਰਕ ਰੱਖੋ ਤਾਂ ਜੋ ਉਹ ਬੇਕਾਰ ਨ ਹੋ ਜਾਵੇ । ਜੇ ਕਰ ਤੁਸੀਂ ਸੱਚੀ ਤੌਬਾ ਨਹੀਂ ਕੀਤੀ ਤਾਂ ਉਹ ਉਸ ਬੀ ਵਾਂਗ ਹੈ ਜੋ ਪਥੱਰ'ਤੇ ਬੀਜਿਆ ਜਾਂਦਾ ਹੈ ਅਤੇ ਜੇਕਰ ਉਹ ਸੱਚੀ ਤੌਬਾ ਹੈ ਤਾਂ ਉਹ ਉਸ ਬੀ ਵਾਂਗ ਹੈ ਜੋ ਉਮਦਾ ਧਰਤੀ ਵਿੱਚ ਬੀਜਿਆ ਗਿਆ ਹੈ ਅਤੇ ਆਪਣੇ ਸਮੇਂ 'ਤੇ ਫਲ ਲਿਆਉਂਦਾ ਹੈ । ਅੱਜ ਕਲ ਤਾਂ ਇਸ ਤੌਬਾ ਵਿੱਚ ਬਹੁਤ ਕਠਿਨਾਈਆਂ ਹਨ । ਕਿਉਂਕਿ ਦੁਨੀਆਂ ਦੀਆਂ ਲਾਲਸਾਵਾਂ ਤੇ ਦੁਨੀਆ ਦੇ ਆਨੰਦ ਸਾਹਮਣੇ ਹੁੰਦੇ ਹਨ । ਫਰਮਾਇਆ :

ਸਾਡੇ ਗ਼ਾਲਬ ਆਉਣ ਦੇ ਹੱਥਿਆਰ ਖਿਮਾ ਯਾਚਨਾ, ਤੌਬਾ (ਪਸ਼ਚਾਤਾਪ), ਧਾਰਮਕ ਗਿਆਨ ਦੀ ਜਾਨਕਾਰੀ ਅਤੇ ਰੱਬ ਦੀ ਅਜ਼ਮਤ (ਵੱਡਿਆਈ) ਨੂੰ ਸਮੁੱਖ ਰਖਣਾ ਅਤੇ ਪੰਜੇ ਵੇਲੇ ਦੀਆਂ ਨਮਾਜ਼ਾਂ ਪੜ੍ਹਨੀਆਂ ਹਨ । ਨਮਾਜ਼ ਦੁਆ ਦੀ ਪਰਵਾਨਗੀ ਦੀ ਕੁੰਜੀ ਹੈ । ਜੱਦ ਨਮਾਜ਼ ਪੜ੍ਹੋ ਤਾਂ ਇਸ ਵਿੱਚ ਦੁਆਵਾਂ ਕਰੋ ਅਤੇ ਗ਼ਫ਼ਲਤ ਨ ਕਰੋ ਅਤੇ ਹਰ ਇਕ ਬਦੀ ਤੋਂ ਭਾਵੇਂ ਉਹ ਹਕੂਕੇ ਇਲਾਹੀ (ਇਲਾਹੀ ਹੱਕ) ਬਾਰੇ ਹੋਣ ਜਾਂ ਹਕੂਕੁਲ ਇਬਾਦ (ਬੰਦਿਆਂ ਦੇ ਹੱਕਾਂ) ਬਾਰੇ ਹੋਣ ਬਚੋ ।

ਅਲੱਾਹ ਕਰੇ ਅਸੀਂ ਇਸ ਸੱਚੀ ਤੌਬਾ ਕਰਨ ਵਾਲਿਆਂ ਵਿੱਚ ਸ਼ਾਮਲ ਹੋਈਏ ਅਤੇ ਸਦਾ ਅਲੱਾਹ ਦੀਆਂ ਮਿਹਰਾਂ ਦੇ ਵਾਰਸ ਬਣਦੇ ਜਾਈਏ ਰਮਜ਼ਾਨ ਨਾਲ ਲਗਦੀਆਂ ਸਾਰੀਆਂ ਬਰਕਤਾਂ ਜੋ ਹਨ, ਅਲੱਾਹ ਤਆਲਾ ਉਹ ਸਾਨੂੰ ਹਾਸਲ ਕਰਨ ਵਾਲਾ ਬਣਾਏ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਸਮੇਂ ਜੁੱਮੇ ਦੀ ਨਮਾਜ਼ ਦੇ ਬਾਦ ਤਿੰਨ ਨਮਾਜ਼ ਜਨਾਜ਼ਾਹ ਗ਼ੈਬ ਪੜ੍ਹਾਵਾਂਗਾ । ਪਹਿਲਾ ਜਨਾਜ਼ਾਹ ਸਾਡੇ ਮੁਕਰੱਮ ਮੁਹਮੱਦ ਇਮਤਿਆਜ਼ ਅਹਮਦ ਸਾਹਬ ਸਪੁਤੱਰ ਮੁਸ਼ਤਾਕ ਅਹਮਦ ਸਾਹਬ ਤਾਹਿਰ ਦਾ ਹੈ, ਜੋ ਨਵਾਬਸ਼ਾਹ ਦੇ ਰਹਿਣ ਵਾਲੇ ਸਨ ਜਿੰਨ੍ਹਾਂ ਨੂੰ 14 ਜੁਲਾਈ ਨੂੰ ਸ਼ਹੀਦ ਕਰ ਦਿੱਤਾ ਗਿਆ । (انا لله وانا اليه راجعون) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਸ਼ਾਮ ਸਾਡੇ ਚਾਰ ਵਜੇ ਕੁਝ ਅਣਪਛਾਤੇ ਮੋਟਰ ਸਾਈਕਲ ਸਵਾਰ ਉਹਨਾਂ ਦੀ ਦੁਕਾਨ'ਤੇ ਆਏ ਅਤੇ ਗੋਲੀ ਮਾਰਕੇ ਸ਼ਹੀਦ ਕਰ ਦਿੱਤਾ । (انا لله وانا اليه راجعون) ਵਿਸਥਾਰ ਅਨੁਸਾਰ, ਮੁਹਮੱਦ ਇਮਤਿਆਜ਼ ਅਹਮਦ ਸਾਹਬ ਨਵਾਬਸ਼ਾਹ ਸ਼ਹਿਰ ਦੇ ਟ੍ਰੰਕ ਬਾਜ਼ਾਰ ਵਿੱਚ ਪੈਂਦੀ ਆਪਣੀ ਦੁਕਾਨ ਦੇ ਬਾਹਰ ਖੜੇ ਹੋਏ ਸਨ ਕਿ ਮੋਟਰ ਸਾਈਕਲ ਉਪੱਰ ਦੋ ਅਣਪਛਾਤੇ ਸਵਾਰ ਆਏ ਅਤੇ ਉਹਨਾਂ'ਤੇ ਫ਼ਾਇਰਿੰਗ ਕਰਕੇ ਫਰਾਰ ਹੋ ਗਏ । ਫਾਇਰਿੰਗ ਦੇ ਸਿੱਟੇ ਵਿੱਚ ਉਹਨਾਂ ਨੂੰ ਤਿੰਨ ਗੋਲੀਆਂ ਲੱਗੀਆਂ, ਦੋ ਗੋਲੀਆਂ ਉਹਨਾਂ ਦੇ ਸਿਰ ਵਿੱਚ ਸੱਜੇ ਪਾਸੇ ਲੱਗੀਆਂ ਅਤੇ ਖੱਬੇ ਪਾਸਿਓਂ ਕੰਨ ਦੇ ਹੇਠੋਂ ਆਰ ਪਾਰ ਹੋ ਗਈਆਂ ਜੱਦ ਕਿ ਤੀਜੀ ਗੋਲੀ ਉਹਨਾਂ ਦੇ ਲੱਤ ਵਿੱਚ ਲੱਗੀ । ਬਹਿਰਹਾਲ ਮੌਕੇ'ਤੇ ਹੀ ਸ਼ਹੀਦ ਹੋ ਗਏ । (انا لله وانا اليه راجعون)

ਦੂਜਾ ਜਨਾਜ਼ਾਹ ਮੁਰਕਰੱਮ ਨਸੀਰ ਅਹਮਦ ਅੰਜੁਮ ਸਾਹਬ ਵਕਫ਼ੇ ਜ਼ਿੰਦਗੀ ਦਾ ਹੈ ਜੋ ਜਾਮਿਆ ਅਹਮਦੀਆ ਰੱਬਵਾ ਵਿੱਚ ਉਸਤਾਦ ਸਨ । 1988 ਈ. ਵਿੱਚ ਜਾਮਿਆ ਦੀ ਡਿਗਰੀ ਲੈਣ ਦੇ ਬਾਦ ਕਾਰਜਕਾਰੀ ਖੇਤਰ ਵਿੱਚ ਆਏ, ਵੱਖ ਵੱਖ ਜਮਾਤਾਂ ਵਿੱਚ ਰਹੇ । 1990 ਈ. ਵਿੱਚ ਧਰਮਾਂ ਦੇ ਤੁਲਨਾਤਮਕ ਅਧਿਐਨ ਦੇ ਵਿਸ਼ਸ਼ਗ ਲਈ ਰਬਵਾ ਬੁਲਾਇਆ ਗਿਆ ਅਤੇ ਵਿਸ਼ੇਸ਼ਗ ਬਣਨ ਦੌਰਾਨ ਹੀ ਆਪ ਨੇ ਜਾਮਿਆ ਅਹਮਦੀਆ ਵਿੱਚ ਟੀਚਰ ਵੱਜੋਂ ਪੜ੍ਹਾਉਣਾ ਅਰੰਭ ਕਰ ਦਿੱਤਾ ਅਤੇ 18 ਜੁਲਾਈ 1999 ਈ. ਨੂੰ ਪੱਕੇ ਤੌਰ'ਤੇ ਧਰਮਾ ਦੇ ਤੁਲਨਾਤਮਕ ਅਧਿਐਨ ਦੇ ਉਸਤਾਦ ਨਿਯੁਕਤ ਹੋਏ ਅਤੇ ਅੰਤਮ ਸਮੇਂ ਤੱਕ ਇਸੇ ਜ਼ਿੰਮੇਦਾਰੀ ਨੂੰ ਬਖ਼ੂਬੀ ਨਿਭਾਉਂਦੇ ਰਹੇ । ਜਾਮਿਆ ਤੋਂ ਪਾਸ ਹੋਣ ਦੇ ਬਾਦ ਸੇਵਾ ਦਾ ਸਮਾਂ ਲਗਭਗ 26 ਸਾਲ ਹੈ । ਧਰਮਾਂ ਦੇ ਤੁਲਨਾਤਮਕ ਅਧਿਐਨ ਵਿੱਚ ਆਪ ਅਲੱਾਹ ਦੀ ਮਿਹਰ ਨਾਲ ਜਵਾਨ ਮੁਰਬੀਆਨ ਵਿੱਚੋਂ ਸਨ, ਵਿਦਵਾਨ ਸਨ, ਇਕ ਅਥਾਰਟੀ ਸਨ, ਬਹੁਤ ਗਿਆਨ ਸੀ, ਬਹੁਤ ਡੂੰਘਾ ਗਿਆਨ ਸੀ । ਜਾਮਿਆ ਵਿੱਚ ਪੜ੍ਹਾਉਂਦਿਆਂ ਹੋਇਆਂ ਵੱਖ ਵੱਖ ਵਿਭਾਗਾਂ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ । ਕਜ਼ਾ (ਨਿਆਲੈ) ਦੇ ਉਹਨਾਂ ਅਰੰਭਕ ਨੁਮਾਇੰਦਿਆਂ ਵਿੱਚੋਂ ਸਨ ਜਿੰਨ੍ਹਾਂ ਨੂੰ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਰਹਿਮਾਹੁਲੱਾਹ ਤਆਲਾ ਨੇ ਨਿਯੁਕਤ ਕੀਤਾ ਸੀ ਅਤੇ ਅੰਤ ਤੱਕ ਰਹੇ । ਮਜਲਿਸੇ ਇਫ਼ਤਾ (ਫ਼ਤਵਾ ਕਮੇਟੀ) ਅਤੇ ਰਿਸਰਚ ਸੈਲ ਦੇ ਮੈਂਬਰ ਵੀ ਸਨ । ਫਿਰ ਇਕ ਖ਼ੂਬੀ ਉਹਨਾਂ ਦੀ ਇਹ ਸੀ ਘਰ ਵਾਲੇ ਦਸਦੇ ਹਨ ਕਿ ਨਿਜ਼ਾਮੇ ਜਮਾਤ ਦੇ ਖ਼ਿਲਾਫ਼ ਕੋਈ ਗੱਲ ਸਹਿਨ ਨਹੀਂ ਕਰ ਸਕਦੇ ਸਨ । ਜੇਕਰ ਆਪਣੇ ਬੱਚਿਆਂ ਵਿੱਚੋਂ ਵੀ ਕੋਈ ਕਿਸੇ ਅਹੁਦੇਦਾਰ ਦੇ ਖ਼ਿਲਾਫ਼ ਗੱਲ ਕਰਦਾ ਤਾਂ ਉਸਨੂੰ ਸਮਝਾਉਂਦੇ ਅਤੇ ਜੇਕਰ ਕੋਈ ਮਨੁੱਖ ਕਿਸੇ ਜਮਾਤੀ ਫ਼ੈਸਲੇ ਜਾਂ ਵਿਅਕਤੀ ਦੇ ਖ਼ਿਲਾਫ਼ ਗੱਲ ਕਰਨ ਦਾ ਜਤਨ ਕਰਦਾ ਤਾਂ ਉਸਨੂੰ ਵੀ ਬੜੀ ਦਾਨਾਈ ਨਾਲ ਸਮਝਾ ਦਿੰਦੇ । ਖ਼ਿਲਾਫ਼ਤ ਨਾਲ ਗ਼ੈਰ ਮਮੂਲੀ ਸੰਬੰਧ ਤੇ ਪਿਆਰ ਸੀ ਅਤੇ ਹਕੀਕੀ ਸੁਲਤਾਨੇ ਨਸੀਰ (ਸ਼ਾਹੀ ਸਹਾਇਕ) ਵੱਜੋਂ ਸਨ । ਉਹਨਾਂ ਦੀ ਪੁਤੱਰੀ ਖ਼ਦੀਜਾ ਮਾਹਮ ਨੇ ਲਿੱਖਿਆ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨਾਲ ਨਿਛਾਵਰ ਹੋਣ ਵਾਲਾ ਇਸ਼ਕ ਸੀ ਅਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਪੜ੍ਹਨ ਉਪੱਰ ਬਹੁਤ ਜ਼ੋਰ ਦਿੰਦੇ ਸਨ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਦਾ ਕੋਸ਼ ਲਿੱਖ ਰਹੇ ਸਨ ਅਤੇ ਚਿੰਤਤ ਸਨ ਕਿ ਇਹ ਕੀਮਤੀ ਖ਼ਜ਼ਾਨਾ ਲੋਕਾਂ ਤੱਕ ਪਹੁੰਚ ਜਾਵੇ । ਰਾਹੇ ਹੁਦਾ ਵਿੱਚ ਵੀ ਅਤੇ ਐਮ. ਟੀ. ਏ. ਦੇ ਅਨੇਕਾਂ ਪ੍ਰੋਗਰਾਮਾ ਵਿੱਚ ਸ਼ਾਮਲ ਹੋਏ । ਬਹੁਤ ਦਲੀਲ ਭਰੇ ਉਤੱਰ ਦਿੰਦੇ ਸਨ । ਅਲੱਾਹ ਤਆਲਾ ਉਹਨਾਂ ਦੀ ਬਖ਼ਸ਼ਿਸ ਦਾ ਸਲੂਕ ਫ਼ਰਮਾਏ, ਉਹਨਾਂ ਦੇ ਦਰਜੇ ਬੁਲੰਦ ਕਰੇ । ਅਲੱਾਹ ਕਰੇ ਅਜਿਹੇ ਬਾਅਮਲ ਆਲਮ ਅਲੱਾਹ ਤਆਲਾ ਜਮਾਤ ਨੂੰ ਹੋਰ ਵੀ ਪ੍ਰਦਾਨ ਕਰੇ ।

ਤੀਜਾ ਜਨਾਜ਼ਾਹ ਮੁਕਰੱਮ ਸਾਹਿਬਜ਼ਾਦਾ ਮਿਰਜ਼ਾ ਅਨਵਰ ਅਹਮਦ ਸਾਹਬ ਦਾ ਹੈ ਜੋ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਉਮੇ ਨਾਸਿਰ ਦੇ ਪੁਤੱਰ ਸਨ । ਉਹਨਾਂ ਦੀ ਬੀਤੇ ਸੋਮਵਾਰ ਵਫ਼ਾਤ ਹੋਈ ਹੈ । (اناللهواناالیهراجعون) ਆਪ ਨੇ 1944 ਈ. ਵਿੱਚ ਮੈਟ੍ਰਿਕ ਪਾਸ ਕੀਤੀ ਫਿਰ ਹਜ਼ਰਤ ਮੁਸਲਿਹ ਮਊਦ ਦੀ ਇੱਛਾ ਉਪੱਰ ਪ੍ਰਾਇਗਰੀ ਕਲਚਰ ਕਾਲਿਜ ਵਿੱਚ ਦਾਖ਼ਲ ਹੋ ਗਏ । ਫਿਰ ਦਾਰੁਲ ਜ਼ਿਯਾਫ਼ਤ ਦੀ ਅਰੰਭਕ ਕੱਚੀ ਇਮਾਰਤ ਜੋ ਮਸਜਿਦ ਮੁਬਾਰਕ ਦੇ ਸਾਹਮਣੇ ਸੀ ਉਸ ਦਾ ਪ੍ਰਬੰਧ ਹਜ਼ਰਤ ਮੁਸਲਿਹ ਮਊਦ ਨੇ ਆਪ ਦੇ ਸੁਪੁਰਦ ਕੀਤਾ । ਵਰਤਮਾਨ ਦਾਰੁਲ ਜ਼ਿਯਾਫ਼ਤ ਦੀ ਅਰੰਭਕ ਤਾਮੀਰ ਵੀ ਆਪ ਦੇ ਦੌਰ ਵਿੱਚ ਹੋਈ । 1982-83 ਈ ਤੱਕ ਅਫ਼ਸਰ ਲੰਗਰਖਾਨਾ ਵੱਜੋਂ ਸੇਵਾ ਕਰਦੇ ਰਹੇ । ਫਿਰ ਨਾਇਬ ਨਾਜ਼ਿਰ ਅਮੂਰ ਆਮਾ ਸੇਵਾ ਕਰਨ ਦਾ ਮੌਕਾ ਮਿਲਿਆ । ਫਿਰ ਹਜ਼ਰਤ ਖ਼ਲੀਫ਼ਤੁਲ ਮਸੀਹ ਸਾਨੀ ਨੇ ਆਪਣੀਆਂ ਜ਼ਮੀਨਾਂ ਦੀ ਨਿਗਰਾਨੀ ਵੀ ਇਹਨਾਂ ਦੇ ਸੁਪੁਰਦ ਕੀਤੀ । ਇਹਨਾਂ ਦਾ ਵਿਆਹ ਸਾਹਿਬਜ਼ਾਦੀ ਸਬੀਹਾ ਬੇਗ਼ਮ ਸਾਹਿਬਾ ਸਪੁਤੱਰੀ ਮਿਰਜ਼ਾ ਰਸ਼ੀਦ ਅਹਮਦ ਸਾਹਬ ਸਪੁਤੱਰ ਹਜ਼ਰਤ ਮਿਰਜ਼ਾ ਸੁਲਤਾਨ ਅਹਮਦ ਸਾਹਬ ਨਾਲ ਹੋਇਆ । ਇਹਨਾਂ ਦੀਆਂ ਤਿੰਨ ਬੇਟੀਆਂ ਤੇ ਇਕ ਬੇਟਾ ਹੈ । ਆਪਣੇ ਪੋਤਿਆਂ ਦੀ ਸ਼ਾਦੀ ਵਿੱਚ ਹਜ਼ਰਤ ਅਮੱਾਂ ਜਾਨ ਨੇ ਜੋ ਭਾਗ ਲਿਆ ਉਹਨਾਂ ਵਿੱਚੋਂ ਇਹਨਾਂ ਦੀ ਸ਼ਾਦੀ ਅੰਤਮ ਸੀ ਜਿਸ ਵਿੱਚ ਹਜ਼ਰਤ ਅਮੱਾਂ ਜਾਨ ਸ਼ਾਮਲ ਹੋਏ ਸਨ ।

ਖ਼ਿਲਾਫ਼ਤ ਨਾਲ ਬਹੁਤ ਸੰਬੰਧ ਸੀ ਅਤੇ ਅਧਿਕਤਰ ਇੱਥੇ ਫ਼ੋਨ ਕਰਕੇ ਵੀ ਇਸ ਸੰਬੰਧ ਦਾ ਪ੍ਰਗਟਾਵਾ ਕਰਦੇ ਸਨ । ਅਲੱਾਹ ਤਆਲਾ ਉਹਨਾਂ ਨਾਲ ਵੀ ਬਖ਼ਸ਼ਿਸ਼ ਤੇ ਰਹਿਮ ਦਾ ਸਲੂਕ ਫ਼ਰਮਾਏ ਅਤੇ ਦਰਜੇ ਬੁਲੰਦ ਕਰੇ । ਉਹਨਾਂ ਦੀ ਸੰਤਾਨ ਨੂੰ ਵੀ ਖ਼ਿਲਾਫ਼ਤ ਨਾਲ ਵਫ਼ਾਦਾਰੀ ਦਾ ਸੰਬੰਧ ਬਣਾਈ ਰੱਖਣ ਦੀ ਤੋਫ਼ੀਕ ਪ੍ਰਦਾਨ ਕਰੇ । ਇਹਨਾਂ ਦੀ ਪਤਨੀ ਵੀ ਕਾਫ਼ੀ ਬਿਮਾਰ ਹਨ । ਅਲੱਾਹ ਉਹਨਾਂ'ਤੇ ਵੀ ਆਪਣਾ ਰਹਿਮ ਤੇ ਫ਼ਜ਼ਲ ਫਰਮਾਏ ।